# ਦਾ ਈਸਟ ਪੰਜਾਬ ਵਾਰ ਅਵਾਰਡਜ (ਸੋਧ) ਬਿੱਲ, 2024

ਪੰਜਾਬ ਬਿੱਲ ਨੰ: 06 ਆਫ 2024

ਇਕ ਬਿੱਲ

ਜੋ ਦਾ ਈਸਟ ਪੰਜਾਬ ਵਾਰ ਅਵਾਰਡਜ਼ ਐਕਟ, 1948 ਵਿੱਚ ਸੋਧ ਕਰਦਾ ਹੈ।

ਇਸ ਨੂੰ ਭਾਰਤੀ ਗਣਰਾਜ ਦੇ ਪਚਤਰਵੇਂ ਸਾਲ ਵਿਚ ਪੰਜਾਬ ਰਾਜ ਦੇ ਵਿਧਾਨ ਦੁਆਰਾ ਹੇਠ ਅਨੁਸਾਰ ਤਿਆਰ ਕੀਤਾ ਗਿਆ ਹੈ :-

ਸੰਖੇਪ ਸਿਰਲੇਖ ਅਤੇ ਅਰੰਭ

1. (1) ਇਸ ਐਕਟ ਨੂੰ ਦਾ ਈਸਟ ਪੰਜਾਬ ਵਾਰ ਅਵਾਰਡਜ਼ (ਸੋਧ) ਐਕਟ 2024 ਕਿਹਾ ਜਾਵੇਗਾ।

(2) ਇਹ ਸਰਕਾਰੀ ਗਜਟ ਵਿਚ ਇਸ ਦੇ ਪ੍ਰਕਾਸ਼ਨ ਹੋਣ ਦੀ ਮਿਤੀ ਤੋਂ ਲਾਗੂ ਅਤੇ ਪ੍ਰਭਾਵੀ ਹੋਵੇਗਾ।

1948 ਦੇ ਪੰਜਾਬ ਐਕਟ 22 ਦੀ ਧਾਰਾ 3 ਵਿੱਚ ਸੋਧ

2. ਦਾ ਈਸਟ ਪੰਜਾਬ ਵਾਰ ਅਵਾਰਡਜ਼ ਐਕਟ, 1948 ਵਿੱਚ, ਸੈਕਸ਼ਨ 3 ਵਿੱਚ, ਉਪ-ਧਾਰਾ (1), ਧਾਰਾ (ਏ) ਵਿੱਚ, "ਦਸ ਹਜ਼ਾਰ ਰੁਪਏ"ਸ਼ਬਦਾਂ ਲਈ, "ਵੀਹ ਹਜ਼ਾਰ ਰੁਪਏ" ਸ਼ਬਦ ਬਦਲੇ ਜਾਣਗੇ।

# ਕਾਨੂੰਨ ਬਣਾਉਣ ਦੇ ਉਦੇਸ਼ਾਂ ਅਤੇ ਕਾਰਨਾਂ ਦਾ ਬਿਆਨ

ਉਨ੍ਹਾਂ ਮਾਪਿਆਂ ਲਈ ਇਨਾਮ ਵਜੋਂ ਜਿਨ੍ਹਾਂ ਦੇ ਬੱਚਿਆਂ ਨੇ ਸੰਵਿਧਾਨ ਦੀ ਧਾਰਾ 252 ਤਹਿਤ ਭਾਰਤ ਦੇ ਰਾਸ਼ਟਰਪਤੀ ਦੁਆਰਾ ਘੋਸ਼ਿਤ ਰਾਸ਼ਟਰੀ ਐਮਰਜੈਂਸੀ ਦੌਰਾਨ ਭਾਰਤੀ ਸੰਘ ਦੀਆਂ ਹਥਿਆਰ ਬੰਦ ਸੈਨਾਵਾਂ ਵਿੱਚ ਸੇਵਾ ਨਿਭਾਈ ਹੈ/ ਸੇਵਾ ਨਿਭਾ ਰਹੇ ਹਨ, ਦਾ ਈਸਟ ਪੰਜਾਬ ਵਾਰ ਅਵਾਰਡਜ਼ ਐਕਟ,1948 ਤਹਿਤ ਯੋਗ ਮਾਪਿਆਂ ਨੂੰ ਉਚਿਤ ਰਕਮ ਦੇਣ ਲਈ ਜੰਗੀ ਜਗੀਰ 10,000/- ਰੁਪਏ ਪ੍ਰਤੀ ਸਾਲ ਤਿੰਨ ਬੱਚਿਆਂ ਤੱਕ ਦਿੱਤੀ ਜਾਂਦੀ ਹੈ।

2. ਇਸ ਬਿੱਲ ਵਿੱਚ ਤਿੰਨ ਬੱਚਿਆਂ ਲਈ ਜੰਗੀ ਜਗੀਰ ਦੀ ਦਰ 10,000/- ਰੁਪਏ ਤੋਂ ਵਧਾ ਕੇ 20,000/- ਰੁਪਏ ਸਾਲਾਨਾ ਕਰਨ ਦੀ ਮੰਗ ਕੀਤੀ ਗਈ ਹੈ। ਰੋਜ਼ਾਨਾ ਖਰਚ ਅਤੇ ਜੀਵਨ ਸ਼ੈਲੀ ਵਿੱਚ ਵਾਧੇ ਕਾਰਨ ਵਾਧਾ ਜ਼ਰੂਰੀ ਹੋਗਿਆ ਹੈ। ਇਸ ਲਈ "ਵਾਰ ਜਗੀਰ" ਦੀ ਮੌਜੂਦਾ ਦਰ ਘੱਟ ਜਾਪਦੀ ਹੈ।

(ਚੇਤਨ ਸਿੰਘ ਜੌੜਾਮਾਜਰਾ)
ਰੱਖਿਆ ਸੇਵਾਵਾਂ ਭਲਾਈ ਮੰਤਰੀ

# ਵਿੱਤੀ ਮੈਮੋਰੰਡਮ

ਇਸ ਪੜਾਅ 'ਤੇ ਇਸ ਬਿੱਲ ਵਿੱਚ ਕੀਤੇ ਗਏ ਪ੍ਰਬੰਧਾਂ ਦੇ ਸਬੰਧ ਵਿੱਚ ਕੀਤੇ ਜਾਣ ਵਾਲੇ ਅਸਲ ਖਰਚੇ ਦਾ ਅੰਦਾਜਾ ਲਗਾਉਣਾ ਸੰਭਵ ਨਹੀਂ ਹੈ। ਹਾਲਾਂਕਿ, ਇਹ ਅਨੁਮਾਨ ਲਗਾਇਆ ਗਿਆ ਹੈ ਕਿ ਬਿੱਲ ਵਿੱਚ ਸੋਧ ਹੋਣ ਤੇ ਪ੍ਰਤੀਸਾਲ 8, 30, 000/- ਰੁਪਏ ਦਾ ਵਾਧੂ ਰੈਕਰਿੰਗ ਖਰਚ ਸ਼ਾਮਲ਼ ਹੋਵੇਗਾ।

(ਚੇਤਨ ਸਿੰਘ ਜੌੜਾਮਾਜਰਾ)
ਰੱਖਿਆ ਸੇਵਾਵਾਂ ਭਲਾਈ ਮੰਤਰੀ